# ਪੰਜਾਬੀ ਲੋਕ ਰੰਗਮੰਚ ਦਾ ਪਿਤਾਮਾ

*—ਡਾ.ਆਤਮਜੀਤ ਸਿੰਘ*

ਪੰਜਾਬੀ ਰੰਗਮੰਚ ਦੀ ਉਮਰ ਜੇ ਸੌ ਸਾਲ ਵੀ ਮਿੱਥ ਲਈਏ ਤਾਂ ਉਸ ਵਿਚੋਂ ਅੱਧੀ ਸਦੀ ਇਕੱਲੇ ਗੁਰਸ਼ਰਨ ਸਿੰਘ ਦੀ ਹੈ। ਉਹ ਹਰਚਰਨ ਸਿੰਘ-ਗਾਰਗੀ ਦੇ ਸਮੇਂ ਵੀ ਥੀਏਟਰ ਕਰਦਾ ਸੀ, ਘੁੰਮਣ-ਸੇਠੀ-ਹਰਪਾਲ ਟਿਵਾਣਾ ਦੇ ਕਾਲ ਵਿਚ ਵੀ ਸਰਗਰਮ ਰਿਹਾ, ਸਿੱਧੂ-ਔਲਖ-ਆਤਮਜੀਤ ਦੇ ਵਕਤ ਦੌਰਾਨ ਵੀ ਉਸ ਦੀ ਪੈਂਠ ਬਣੀ ਰਹੀ, ਕੇਵਲ ਧਾਲੀਵਾਲ, ਪਾਲੀ ਭੁਪਿੰਦਰ ਤੇ ਹੁਣ ਸਾਹਿਬ ਸਿੰਘ, ਅਨੀਤਾ, ਸੰਗੀਤਾ ਤੇ ਉਨ੍ਹਾਂ ਤੋਂ ਬਾਅਦ ਦੇ ਰੰਗਕਰਮੀਆਂ ਦੇ ਦੌਰ ਵਿਚ ਵੀ ਗੁਰਸ਼ਰਨ ਸਿੰਘ ਰੰਗਮੰਚ ਦਾ ਸ਼ੇਰੇ-ਪੰਜਾਬ ਰਿਹਾ। ਉਹ ਪੰਜਾਬ ਦੇ ਰੰਗਕਰਮ ਦਾ ਇਕੋ-ਇਕ ਅਜਿਹਾ ਨਾਂ ਹੈ, ਜਿਹੜਾ ਸਾਰੇ ਹਿੰਦੁਸਤਾਨ ਅਤੇ ਵਿਦੇਸ਼ਾਂ ਵਿਚ ਬਰਾਬਰ ਦੇ ਸਤਿਕਾਰ ਅਤੇ ਚਾਅ ਨਾਲ ਜਾਣਿਆ ਜਾਂਦਾ ਹੈ। ਉਸ ਦੇ ਸਤਿਕਾਰ ਦਾ ਵੱਡਾ ਕਾਰਨ ਉਸ ਦੇ ਜ਼ਿੰਦਗੀ ਪ੍ਰਤੀ ਵਿਸ਼ਵਾਸ, ਉਨ੍ਹਾਂ ਵਿਸ਼ਵਾਸਾਂ ਪ੍ਰਤੀ ਸੁਹਿਰਦਤਾ ਅਤੇ ਉਨ੍ਹਾਂ 'ਤੇ ਪਹਿਰਾ ਦੇਣ ਦੀ ਤਾਕਤ ਹੈ। ਇਸ ਸਭ ਕੁਝ ਦੇ ਨਾਲ-ਨਾਲ ਉਸ ਵੱਲੋਂ ਕੀਤਾ ਗਿਆ ਸੰਘਰਸ਼ ਅਤੇ ਕੁਰਬਾਨੀ ਵੀ ਉਸ ਦੇ ਬਿੰਬ ਨੂੰ ਜ਼ਿੰਦਗੀ ਤੋਂ ਵਡੇਰਾ ਬਣਾ ਦਿੰਦੀ ਹੈ। ਉਹ ਲਗਾਤਾਰ ਪਿਛਲੇ ਤਿੰਨ ਦਹਾਕਿਆਂ ਤੋਂ ਧਰਮ-ਨਿਰਪੱਖ ਅਤੇ ਖੱਬੇਪੱਖੀ ਸੋਚ ਦੇ ਧਾਰਨੀ ਲੋਕਾਂ ਦਾ ਆਦਰਸ਼ ਬਣਿਆ ਰਿਹਾ।

ਸੰਨ 1929 ਵਿਚ ਜਨਮੇ ਭਾਅ ਗੁਰਸ਼ਰਨ ਸਿੰਘ ਨੇ ਆਪਣੇ ਰੰਗਮੰਚ ਦਾ ਸਫ਼ਰ ਭਾਵੇਂ ਨੰਗਲ ਤੋਂ ਸ਼ੁਰੂ ਕੀਤਾ, ਪਰ ਉਸ ਸਫ਼ਰ ਨੂੰ ਨਿਸ਼ਚਿਤ ਦਿਸ਼ਾ ਅੰਮ੍ਰਿਤਸਰ ਸ਼ਹਿਰ ਵਿਚ ਮਿਲੀ। ਭਾਵੇਂ ਅਜੋਕੀ ਪੀੜ੍ਹੀ ਗੁਰਸ਼ਰਨ ਸਿੰਘ ਦੇ ਖੱਬੇਪੱਖੀ ਥੀਏਟਰ ਦੇ ਹੀ ਸਨਮੁਖ ਹੋਈ ਹੈ, ਪਰ ਗੁਰਸ਼ਰਨ ਸਿੰਘ ਦੇ ਨਾਟ-ਸਫ਼ਰ ਦੇ ਵੱਖ-ਵੱਖ ਪੜਾਵਾਂ ਦੇ ਸਫ਼ਰ ਵੱਲ ਝਾਤੀ ਮਾਰੀਏ ਤਾਂ ਪਤਾ ਲੱਗੇਗਾ ਕਿ ਉਸ ਦੇ ਵਿਚਾਰ ਅਤੇ ਥੀਏਟਰ ਸਮੇਂ ਦੀਆਂ ਹਕੀਕਤਾਂ ਨੂੰ ਪਛਾਣਦੇ ਹੋਏ ਵਿਕਸਤ ਹੋਏ ਹਨ। ਭਾਵੇਂ ਅਸੀਂ ਗੁਰਸ਼ਰਨ ਸਿੰਘ ਨੂੰ ਸਾਦੇ ਤੇ ਸਿੱਧੇ ਥੀਏਟਰ ਦੇ ਮੁਦੱਈ ਤੌਰ 'ਤੇ ਹੀ ਜਾਨਣਾ ਚਾਹੁੰਦੇ ਹਾਂ, ਪਰ ਆਪਣੇ ਸਫ਼ਰ ਦੇ ਆਰੰਭ ਵਿਚ ਉਸ ਨੇ ਬਹੁਤ ਸਾਰੀਆਂ ਪਰਤਾਂ ਵਾਲੇ ਅਤੇ ਕਲਾਤਮਕ ਥੀਏਟਰ ਦੇ ਵੀ ਬਹੁਤ ਕਾਮਯਾਬ ਤਜਰਬੇ ਕੀਤੇ। ਬੇਸ਼ਕ ਗੁਰਸ਼ਰਨ

ਸਿੰਘ ਅਜਿਹੇ ਰੰਗਮੰਚ ਦਾ ਪ੍ਰੋਡਿਊਸਰ ਹੀ ਹੁੰਦਾ ਸੀ, ਨਿਰਦੇਸ਼ਨ ਵਿਚ ਉਸ ਦੇ ਸਾਥੀ ਸੁਰੇਸ਼ ਪੰਡਤ ਵਰਗੇ ਪ੍ਰਬੁੱਧ ਰੰਗਕਰਮੀ ਹੁੰਦੇ ਸਨ। ਮੈਂ ਗੁਰਸ਼ਰਨ ਸਿੰਘ ਦੁਆਰਾ ਤਿਆਰ ਕੀਤੇ ਅਜਿਹੇ ਅਨੇਕਾਂ ਨਾਟਕ ਦੇਖੇ ਹਨ ਅਤੇ ਇਸ ਗੱਲ ਨੂੰ ਸਵੀਕਾਰਨ ਵਿਚ ਮਾਣ ਮਹਿਸੂਸ ਕਰਦਾ ਹਾਂ ਕਿ ਇਨ੍ਹਾਂ ਨਾਟਕਾਂ ਨੇ ਮੇਰੇ ਅੰਦਰ ਇਸ ਕਲਾ ਪ੍ਰਤੀ ਖਿੱਚ ਨੂੰ ਬਹੁਤ ਜ਼ਿਆਦਾ ਚਮਕਾਇਆ। 'ਡੀਜ਼ਾਇਰ ਅੰਡਰ ਦਿ ਐਲਮਜ' ਅਤੇ 'ਘੋਸਟਸ' ਵਰਗੇ ਨਾਟਕਾਂ ਦਾ ਅੰਮ੍ਰਿਤਸਰ ਦੇ ਰੰਗਮੰਚ 'ਤੇ ਅੱਜ ਤੋਂ ਚਾਲੀ ਸਾਲ ਪਹਿਲਾਂ ਖੇਡਿਆ ਜਾਣਾ ਅਰਥ ਰੱਖਦਾ ਹੈ। ਗਾਂਧੀ ਗਰਾਊਂਡ ਦੇ ਓਪਨ ਏਅਰ ਥੀਏਟਰ ਵਿਚ ਉਹ ਨਿਸ਼ਚਿਤ ਸਮੇਂ ਬਾਅਦ ਤਿੰਨ-ਚਾਰ ਦਿਨਾਂ ਦਾ ਮੇਲਾ ਕਰਦਾ ਹੁੰਦਾ ਸੀ। ਕੁਝ ਕੁ ਰੁਪਿਆਂ ਦੇ ਚੰਦੇ ਨਾਲ ਉਸ ਨੇ ਸਹਿਯੋਗੀ ਮੈਂਬਰ ਬਣਾਏ ਹੋਏ ਸਨ। ਜਿਸ ਤਰ੍ਹਾਂ ਦੇ ਥੀਏਟਰ, ਉਸ ਦੇ ਪ੍ਰਬੰਧ ਅਤੇ ਲੋਕਾਂ ਦੀ ਸ਼ਮੂਲੀਅਤ ਦੀ ਅਸੀਂ ਅੱਜ ਗੱਲ ਕਰਦੇ ਹਾਂ, ਗੁਰਸ਼ਰਨ ਸਿੰਘ ਇਸ ਤਰ੍ਹਾਂ ਦਾ ਥੀਏਟਰ ਬਹੁਤ ਪਹਿਲਾਂ ਕਰ ਚੁੱਕਾ ਸੀ।

ਸੰਨ 1966 ਅਤੇ 1969 ਵਿਚ ਗੁਰੂ ਗੋਬਿੰਦ ਸਿੰਘ ਅਤੇ ਗੁਰੂ ਨਾਨਕ ਦੇਵ ਦੀਆਂ ਜਨਮ ਸ਼ਤਾਬਦੀਆਂ ਮੌਕੇ ਗੁਰਸ਼ਰਨ ਸਿੰਘ ਨੇ ਇਕ ਨਵਾਂ ਰਾਹ ਦੇਖਿਆ। ਉਸ ਨੇ ਗੁਰੂ ਸਾਹਿਬਾਨ ਬਾਰੇ ਲਿਖੇ ਗੁਰਦਿਆਲ ਸਿੰਘ ਫੁੱਲ ਦੇ ਨਾਟਕਾਂ ਨੂੰ ਖੱਬੇਪੱਖੀ ਨਜ਼ਰ ਨਾਲ ਚਿਤਵਿਆ। ਗੁਰਸ਼ਰਨ ਸਿੰਘ ਅਤੇ ਫੁੱਲ ਨੇ ਗੁਰਮਤਿ ਅਤੇ ਮਾਰਕਸਵਾਦ ਦੀ ਵਿਚਾਰਧਾਰਕ ਸਾਂਝ ਨੂੰ ਪੰਜਾਬ ਦੇ ਹਿੱਤ ਵਿਚ ਵਰਤਣ ਦੀ ਕੋਸ਼ਿਸ਼ ਕੀਤੀ ਅਤੇ 'ਸਭਿ ਕਿਛੁ ਹੋਤਿ ਉਪਾਇ', 'ਜਿਨ ਸਚੁ ਪਲੇ ਹੋਇ' ਅਤੇ 'ਨਾਨਕ ਨਾਮ ਸਮਾਲ ਤੂੰ' ਵਰਗੇ ਨਾਟਕਾਂ ਨਾਲ ਗੁਰਸ਼ਰਨ ਸਿੰਘ ਅੰਮ੍ਰਿਤਸਰ ਵਿਚੋਂ ਬਾਹਰ ਨਿਕਲਿਆ ਅਤੇ ਸਾਰੇ ਪੰਜਾਬ ਵਿਚ ਫੈਲਣ ਲੱਗਾ। ਇਹ ਉਹ ਸਮਾਂ ਸੀ ਜਦੋਂ ਉਸ ਦੇ ਰੰਗਮੰਚ ਨੇ ਸਾਦਗੀ ਧਾਰਨ ਕਰਨੀ ਸ਼ੁਰੂ ਕਰ ਕੀਤੀ, ਪਰ ਪੰਜਾਬ ਦੇ ਥੀਏਟਰ ਦੀ ਸਭ ਤੋਂ ਵੱਡੀ ਬਦਕਿਸਮਤੀ ਇਹ ਹੈ ਕਿ ਇਸ ਨੂੰ ਸ਼ੁਰੂ ਤਾਂ ਵਿਅਕਤੀ ਕਰਦੇ ਹਨ, ਪਰ ਮੰਦੀ ਆਰਥਿਕਤਾ ਕਾਰਨ ਇਸ ਦੀ ਵਾਗਡੋਰ ਸੰਸਥਾਵਾਂ ਦੇ ਹੱਥਾਂ ਵਿਚ ਚਲੀ ਜਾਂਦੀ ਹੈ। ਹੌਲੀ-ਹੌਲੀ ਗੁਰਸ਼ਰਨ ਸਿੰਘ ਦਾ ਇਹ ਥੀਏਟਰ ਸ਼ਰਧਾ ਦੇ ਧਾਮਾਂ ਦਾ ਥੀਏਟਰ ਬਣ ਗਿਆ।

ਉਸ ਦੇ ਵਿਸ਼ਵਾਸਾਂ ਦਾ ਸਭ ਤੋਂ ਵੱਡਾ ਇਮਤਿਹਾਨ ਐਮਰਜੰਸੀ ਦੇ ਦਿਨਾਂ ਵਿਚ ਹੋਇਆ। ਅਸੀਂ ਗੁਰਸ਼ਰਨ ਸਿੰਘ ਵੱਲੋਂ ਜਿਸ ਬਹੁਮੁੱਲੇ ਅਤੇ ਬਹੁਪਰਤੀ ਰੰਗਮੰਚ ਕੀਤੇ ਜਾਣ ਦੀ ਗੱਲ ਕਰ ਰਹੇ ਹਾਂ, ਉਹ ਅਜੇ ਵੀ ਇਸ ਕਿਸਮ ਦੇ ਰੰਗਮੰਚ ਨੂੰ ਬਹੁਤ ਗੰਭੀਰ ਪੱਧਰ 'ਤੇ ਕਰ ਰਿਹਾ ਸੀ। ਨਜਮ ਹੁਸੈਨ ਸੱਯਦ ਦਾ ਨਾਟਕ 'ਤਖ਼ਤ ਲਾਹੌਰ' ਅਤੇ ਮੇਜਰ ਇਸਹਾਕ ਮੁਹੰਮਦ ਦੇ ਨਾਟਕ 'ਕੁਕਨੂਸ' ਗਾਂਧੀ ਗਰਾਊਂਡ ਵਿਚ ਖੇਡੇ ਗਏ। ਜਿਵੇਂ ਇਨ੍ਹਾਂ ਨਾਟਕਾਂ ਵਿਚ ਦੁੱਲਾ ਸਥਾਪਤੀ ਨਾਲ ਟੱਕਰ ਲੈਂਦਾ ਹੈ, ਗੁਰਸ਼ਰਨ ਸਿੰਘ ਆਪਣੇ ਸਮੇਂ ਦੀ ਸਥਾਪਤੀ ਨਾਲ ਟਕਰਾ ਰਿਹਾ ਸੀ। ਸਮੇਂ ਦੀ

ਸਰਕਾਰ ਉਸ ਤੋਂ ਦੁਖੀ ਸੀ, ਉਸ ਨੂੰ ਸਮੇਂ-ਸਮੇਂ ਇਨਾਮਾਂ-ਸਨਮਾਨਾਂ ਦੇ ਲਾਲਚ ਵੀ ਦਿੱਤੇ ਗਏ, ਪਰ ਗੁਰਸ਼ਰਨ ਸਿੰਘ ਆਪਣੇ ਵਿਚਾਰਾਂ ਦੀ ਦ੍ਰਿੜ੍ਹਤਾ ਤੋਂ ਨਹੀਂ ਡੋਲਿਆ। ਨਤੀਜੇ ਵਜੋਂ ਭਾਖੜਾ ਡੈਮ ਦੀ ਉਸਾਰੀ ਵਿਚ ਮਹੱਤਵਪੂਰਨ ਹਿੱਸਾ ਪਾਉਣ ਵਾਲੇ ਇਸ ਸੀਮਿੰਟ ਤਕਨਾਲੋਜੀ ਦੇ ਮਾਹਰ ਵਿਗਿਆਨੀ ਨੂੰ ਨਾ ਸਿਰਫ਼ ਆਪਣੀ ਨੌਕਰੀ ਤਿਆਗਣੀ ਪਈ, ਬਲਕਿ ਉਸ ਨੂੰ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਸਲਾਖਾਂ ਪਿੱਛੇ ਵੀ ਭੇਜਿਆ। ਹਾਲਾਂਕਿ ਕੁਝ ਦਿਨ ਪਹਿਲਾਂ ਗਿਆਨੀ ਜ਼ੈਲ ਸਿੰਘ ਨੇ ਹੀ ਜੰਮੂ ਵਿਚ ਗੁਰਸ਼ਰਨ ਸਿੰਘ ਦਾ ਨਾਟਕ ਦੇਖ ਕੇ ਉਸ ਨੂੰ 'ਪੰਜਾਬ ਦਾ ਹੀਰਾ' ਕਿਹਾ ਸੀ। ਇਸ ਗ੍ਰਿਫ਼ਤਾਰੀ ਨੇ ਉਸ ਦੇ ਅਹਿਦ ਨੂੰ ਹੋਰ ਪੱਕਾ ਕੀਤਾ ਅਤੇ ਉਸ ਨੇ ਆਪਣੇ ਸੰਦੇਸ਼ ਨੂੰ ਵਧੇਰੇ ਸਪੱਸ਼ਟ ਕਰਨ ਲਈ 'ਧਮਕ ਨਗਾਰੇ ਦੀ' ਨਾਟਕ ਲਿਖਿਆ, ਜਿਹੜਾ ਕਿ ਇਕ ਵਾਰ ਫਿਰ ਦੁੱਲੇ ਭੱਟੀ ਦੀ ਜ਼ਿੰਦਗੀ 'ਤੇ ਹੀ ਆਧਾਰਤ ਹੈ। ਉਸ ਨੂੰ ਜਾਪਿਆ ਕਿ ਪਾਕਿਸਤਾਨੀ ਨਾਟਕਕਾਰ ਆਪਣੇ ਦੇਸ਼ ਦੇ ਹਾਲਾਤ ਕਾਰਨ ਕੁਝ ਕੁ ਢੁੱਕੀ ਹੋਈ ਗੱਲ ਕਰਦੇ ਹਨ, ਗੁਰਸ਼ਰਨ ਸਿੰਘ ਖੁੱਲ੍ਹ ਕੇ ਸੱਤਾ ਦੀਆਂ ਬਦਨੀਤੀਆਂ ਨੂੰ ਸਾਹਮਣੇ ਲਿਆਉਣਾ ਚਾਹੁੰਦਾ ਸੀ। ਪਰ ਅਜੇ ਵੀ ਉਸ ਦੇ ਮਨ ਵਿਚ ਬਹੁਤ ਜ਼ਿਆਦਾ ਸਿੱਧੇ ਅਤੇ ਸਾਦੇ ਥੀਏਟਰ ਦੀ ਧਾਰਨਾ ਨਹੀਂ ਸੀ ਬਣੀ। ਇਸ ਕਰਕੇ ਉਸ ਨੇ ਇਹ ਨਾਟਕ ਬੰਸੀ ਕੌਲ ਪਾਸੋਂ ਨਿਰਦੇਸ਼ਤ ਕਰਵਾਇਆ।

ਇਕ ਇਨਸਾਨ ਦੇ ਤੌਰ 'ਤੇ ਇਹ ਹੀਰਾ ਸੀ। ਉਸ ਨੂੰ ਬਲੱਡ ਪ੍ਰੈਸ਼ਰ ਦੀ ਬੀਮਾਰੀ ਹੋਣ ਕਾਰਨ ਗੁੱਸਾ ਬਹੁਤ ਜਲਦੀ ਆਉਂਦਾ ਸੀ, ਪਰ ਆਪਣੇ ਗੁੱਸੇ ਨੂੰ ਪੀ ਜਾਣ ਦੀ ਅਥਾਹ ਸ਼ਕਤੀ ਦਾ ਵੀ ਮਾਲਕ ਸੀ ਗੁਰਸ਼ਰਨ ਸਿੰਘ। ਉਸ ਵਿਚੋਂ ਇਹ ਤਾਕਤ ਸੀ ਕਿ ਉਹ ਹਰੇਕ ਵਿਅਕਤੀ ਪਾਸੋਂ ਉਸ ਦੀ ਪੱਧਰ ਦਾ ਕੰਮ ਲੈਂਦਾ ਸੀ। ਅਜਿਹਾ ਕਰਨ ਸਮੇਂ ਉਹ ਉਸ ਵਿਅਕਤੀ ਦੀ ਸਮਰੱਥਾ ਵੇਖਦਾ ਸੀ, ਧੜਾ ਨਹੀਂ ਸੀ ਵੇਖਦਾ। ਇਹੋ ਕਾਰਨ ਹੈ ਕਿ ਜਿੰਨੇ ਅਦਾਕਾਰ ਪੰਜਾਬੀ ਰੰਗਮੰਚ ਨੂੰ ਇਕੱਲੇ ਗੁਰਸ਼ਰਨ ਸਿੰਘ ਨੇ ਦਿੱਤੇ, ਓਨੇ ਇਥੋਂ ਦੀਆਂ ਸਾਰੀਆਂ ਯੂਨੀਵਰਸਿਟੀਆਂ, ਵਿਭਾਗ, ਅਕਾਦਮੀਆਂ ਅਤੇ ਸਰਕਾਰਾਂ ਨੇ ਨਹੀਂ ਦਿੱਤੇ। ਦਲਜੀਤ ਕੌਰ, ਜਤਿੰਦਰ ਕੌਰ, ਸਤਿੰਦਰ ਕੌਰ, ਬੁੱਧ ਸਿੰਘ, ਸੁਰੇਸ਼ ਪੰਡਤ, ਸੁਦਰਸ਼ਨ ਸ਼ਰਮਾ, ਵੇਦ ਸ਼ਰਮਾ, ਹਰਭਜਨ ਜੱਬਲ, ਸਰਦਾਰਜੀਤ ਬਾਵਾ, ਕੇਵਲ ਧਾਲੀਵਾਲ, ਪਵਨਦੀਪ, ਜਸਵੰਤ ਜੱਸ, ਅਨੀਤਾ ਸ਼ਬਦੀਸ਼ ਆਦਿਕ ਰੰਗਕਰਮੀਆਂ ਦੀ ਲੰਮੀ ਫ਼ਹਿਰਿਸਤ ਹੈ। ਪੰਜਾਬ ਦਾ ਕੋਈ ਅਜਿਹਾ ਸ਼ਹਿਰ, ਕਸਬਾ ਜਾਂ ਪਿੰਡ ਨਹੀਂ, ਜਿਥੇ ਉਸ ਦੀ ਖ਼ੁਸ਼ਬੂ ਨਹੀਂ ਪਹੁੰਚੀ। ਉਹ ਰੰਗਮੰਚ ਦਾ ਭਾਅ ਜੀ ਅਤੇ ਟੀ.ਵੀ. ਦਾ ਭਾਈ ਮੰਨਾ ਸਿੰਘ ਬਣ ਕੇ ਸਾਡੇ ਸਾਰਿਆਂ ਦੇ ਅੰਦਰ ਜਾ ਕੇ ਬਹਿ ਗਿਆ। ਆਪਣੀਆਂ ਗ਼ਲਤੀਆਂ ਉੱਤੇ ਪਰਦਾ ਪਾਉਣ ਦੀ ਬਜਾਏ ਉਨ੍ਹਾਂ ਨੂੰ ਸਵੀਕਾਰਨ ਵਿਚ ਉਸ ਦਾ ਜ਼ਿਆਦਾ ਵਿਸ਼ਵਾਸ ਸੀ, ਉਹ ਇਕ ਪਰਮ ਇਨਸਾਨ ਸੀ ਅਤੇ ਹਰ ਹਾਲਤ ਵਿਚ ਚੜ੍ਹਦੀ ਕਲਾ ਅਤੇ ਆਸ ਵਿਚ ਜਿਊਂਦਾ ਸੀ। ਪਿੱਛੇ ਜਿਹੇ ਮੈਨੂੰ ਉਸ ਨਾਲ ਤਿੰਨ-ਚਾਰ ਥਾਵਾਂ 'ਤੇ ਬੜੇ

ਨੇੜੇ ਹੋ ਕੇ ਵਿਚਰਣ ਦਾ ਮੌਕਾ ਮਿਲਿਆ। ਪੰਜਾਬ ਕਲਾ ਭਵਨ ਵਿਚ ਅੰਮ੍ਰਿਤਸਰੀਆਂ ਨੇ ਚੰਡੀਗੜ੍ਹੀਆਂ ਨਾਲ ਰਲ ਕੇ ਵਿਸਾਖੀ ਮਨਾਈ, ਜਿਸ ਦਾ ਨਾਇਕ ਗੁਰਸ਼ਰਨ ਸਿੰਘ ਸੀ। ਡਾਇਲਸਿਸ 'ਤੇ ਹੋਣ ਦੇ ਬਾਵਜੂਦ ਉਸ ਦੇ ਚਿਹਰੇ 'ਤੇ ਮੁਸਕਾਨ ਸੀ। ਦੋ ਹਫ਼ਤੇ ਪਹਿਲਾਂ ਸ਼ਬਦੀਸ਼ ਅਤੇ ਅਨੀਤਾ ਨੇ ਗੁਰਸ਼ਰਨ ਸਿੰਘ ਦੇ ਜਨਮ ਦਿਵਸ ਨੂੰ ਅਰਪਿਤ ਅਠਵਾਂ ਨਾਟ ਮੇਲਾ ਆਯੋਜਿਤ ਕੀਤਾ। ਗੁਰਸ਼ਰਨ ਸਿੰਘ ਨੂੰ ਮੰਚ 'ਤੇ ਬਿਠਾ ਕੇ ਕੇਕ ਕੱਟਿਆ ਗਿਆ। ਗੁਰਸ਼ਰਨ ਸਿੰਘ ਦੀ ਆਮਦ ਨੇ ਚਾਰੇ ਪਾਸੇ ਆਸ ਦੇ ਫੁੱਲ ਖਿੜਾ ਦਿੱਤੇ। ਉਹ ਜਾਤੀ ਪੱਧਰ 'ਤੇ ਵੀ ਬਹੁਤ ਹੀ ਸਾਦਗੀ ਅਤੇ ਸਪਸ਼ਟਤਾ ਨਾਲ ਜਿਊਣ ਵਾਲਾ ਜਿਊੜਾ ਸੀ।

ਅਸਲ ਵਿਚ ਗੁਰਸ਼ਰਨ ਸਿੰਘ ਦਾ ਅਜੋਕਾ ਸਾਦਾ ਅਤੇ ਸਪੱਸ਼ਟ ਥੀਏਟਰ ਵੀ ਉਸ ਦੀ ਇਸ ਇੱਛਾ ਵਿਚੋਂ ਪੈਦਾ ਹੋਇਆ ਕਿ ਲੋਕਾਂ ਨੂੰ ਸੱਤਾ ਅਤੇ ਉਸ ਦੇ ਵਿਰੋਧੀਆਂ ਦੀ ਹਿਸ਼ਤ ਅਤੇ ਸਮਾਜੀ ਕੁਰਤੀਆਂ ਵਿਰੁੱਧ ਵੱਡੇ ਪੱਧਰ 'ਤੇ ਲਾਮਬੱਧ ਕੀਤਾ ਜਾਵੇ। ਫਿਰ ਵੀ ਉਸ ਦਾ ਨਿਸ਼ਾਨਾ ਉੱਥਲ-ਪੁੱਥਲ ਨਹੀਂ ਸੀ, ਸਾਡੇ ਸੋਚਣ ਦੇ ਢੰਗ ਵਿਚ ਇਕ ਮੂਲ ਤਬਦੀਲੀ ਸੀ ਜਿਸ ਅਨੁਸਾਰ ਅਸੀਂ ਹਰ ਕਿਸਮ ਦੇ ਮਾਨਵੀ ਸਰੋਕਾਰਾਂ ਉੱਤੇ ਪਹਿਰਾ ਦਿੰਦਿਆਂ ਆਪਣੇ ਸਵਾਰਥ, ਲਾਲਚ ਅਤੇ ਹੰਕਾਰ ਤੋਂ ਮੁਕਤ ਹੋਈਏ। ਇਹ ਠੀਕ ਹੈ ਕਿ ਗੁਰਸ਼ਰਨ ਸਿੰਘ ਰਾਜਸੀ ਤੌਰ 'ਤੇ ਖੱਬੇਪੱਖੀ ਧਿਰਾਂ ਦੇ ਵਧੇਰੇ ਨੇੜੇ ਰਿਹਾ ਹੈ ਅਤੇ ਬੌਧਿਕ ਤੌਰ 'ਤੇ ਉਸ ਦਾ ਸਿੱਧਾ ਸੰਬੰਧ ਮਾਰਕਸੀ ਵਿਚਾਰਧਾਰਾ ਨਾਲ ਜੁੜਦਾ ਹੈ ਪਰ ਪੰਜਾਬ ਦੀ ਕੋਈ ਧਿਰ ਅਜਿਹੀ ਨਹੀਂ, ਜਿਸ ਨੇ ਗੁਰਸ਼ਰਨ ਸਿੰਘ ਨੂੰ ਆਪਣੇ ਦਿਲ ਵਿਚ ਥਾਂ ਨਾ ਦਿੱਤੀ ਹੋਵੇ। ਪੰਜਾਬ ਦੀ ਦਹਿਸ਼ਤਗਰਦੀ ਦੇ ਦੌਰ ਵਿਚ ਵੀ ਆਤੰਕੀਆਂ ਵਿਚ ਅਜਿਹੇ ਲੋਕ ਸ਼ਾਮਲ ਸਨ, ਜਿਹੜੇ ਭਾਅ ਜੀ ਦੀ ਕਦਰ ਕਰਦੇ ਸਨ। ਇਸ ਦਾ ਸਪੱਸ਼ਟ ਕਾਰਨ ਇਹ ਹੈ ਕਿ ਉਸ ਦਾ ਕੱਦ ਥੀਏਟਰ ਤੋਂ ਬਹੁਤ ਉੱਚਾ ਹੋ ਗਿਆ ਸੀ।

ਭਾਵੇਂ ਉਸ ਵਾਸਤੇ ਸਮਾਜ ਪ੍ਰਥਮ ਹੋ ਗਿਆ ਸੀ ਤੇ ਥੀਏਟਰ ਦੁਜੈਲਾ, ਫਿਰ ਵੀ ਪੰਜਾਬ ਸਮੱਸਿਆ ਨਾਲ ਜੁੜੇ ਨਾਟਕਾਂ ਦੀ ਲਹਿਰ ਨੇ ਉਸ ਦੀ ਨਾਟਕਕਾਰ ਦੇ ਰੂਪ ਵਿਚ ਪਹਿਚਾਣ ਨੂੰ ਵੀ ਪੀਡਾ ਕੀਤਾ। ਗੁਰਸ਼ਰਨ ਸਿੰਘ ਨੇ ਜਿੰਨੀ ਘਾਲਣਾ ਪੰਜਾਬੀ ਰੰਗਮੰਚ ਲਈ ਕੀਤੀ ਹੈ, ਉਹ ਮਿਸਾਲੀ ਹੈ। ਉਸ ਨੇ ਪੰਜਾਬੀ ਨਾਟਕਾਂ ਨੂੰ ਆਪਣੇ ਥੀਏਟਰ ਰਾਹੀਂ ਪਿੰਡ-ਪਿੰਡ ਪਹੁੰਚਾ ਦਿੱਤਾ। ਉਸ ਪਾਸ ਚੇਤਨਾ, ਊਰਜਾ ਅਤੇ ਸੁਹਿਰਦਤਾ ਦਾ ਜਿਹੜਾ ਖ਼ਜ਼ਾਨਾ ਸੀ, ਉਸ ਤੋਂ ਉਮੀਦ ਕੀਤੀ ਜਾਂਦੀ ਸੀ ਕਿ ਉਹ ਪੰਜਾਬੀ ਨਾਟਕ/ਥੀਏਟਰ ਨੂੰ ਇਕ ਵਿਲੱਖਣ ਸ਼ੈਲੀ ਪ੍ਰਦਾਨ ਕਰਦਾ। ਇਸ ਪਾਸੇ ਉਹ ਤੇਜ਼ੀ ਨਾਲ ਵੱਧ ਵੀ ਰਿਹਾ ਸੀ ਪਰ ਉਹ ਆਪਣੀ ਸ਼ੈਲੀ ਨੂੰ ਸੂਤਰਬੱਧ ਕਰਕੇ ਸਾਡੇ ਸਾਹਮਣੇ ਨਹੀਂ ਰੱਖ ਸਕਿਆ, ਕਿਉਂਕਿ ਉਸ ਦੀ ਪ੍ਰਾਥਮਿਕਤਾ ਰਾਜਸੀ ਅਤੇ ਸਮਾਜੀ ਚੇਤਨਾ ਬਣ ਚੁੱਕੀ ਸੀ, ਨਾਟਕ ਜਾਂ ਥੀਏਟਰ ਨਹੀਂ ਸੀ ਰਹੀ। ਜੇ ਉਹ ਅਜਿਹਾ ਕਰ ਜਾਂਦਾ ਤਾਂ ਸ਼ਾਇਦ ਵਿਸ਼ਵ ਥੀਏਟਰ ਨੂੰ ਉਸ ਦੀ ਇਕ ਹੋਰ ਦੇਣ

ਹੁੰਦੀ, ਪਰ ਉਸ ਲਈ ਥੀਏਟਰ ਕੇਵਲ ਇਕ ਸਾਧਨ ਸੀ, ਜਿਸ ਰਾਹੀਂ ਉਹ ਆਪਣੇ ਵਿਚਾਰਾਂ ਨੂੰ ਲੋਕਾਂ ਤਕ ਪਹੁੰਚਾਉਣਾ ਚਾਹੁੰਦਾ ਸੀ। ਉਹ ਅਸਲ ਵਿਚ ਥੀਏਟਰ ਰਾਹੀਂ ਲੋਕਾਂ ਵਿਚ ਇਕ ਤਤਕਾਲੀ ਤਬਦੀਲੀ ਲਿਆਉਣਾ ਚਾਹੁੰਦਾ ਸੀ। ਇਸ ਲਈ ਉਹ ਆਪਣੇ ਥੀਏਟਰ ਨੂੰ ਲਗਾਤਾਰ ਇੰਨਾ ਸਰਲ ਕਰਦਾ ਗਿਆ ਕਿ ਉਸ ਉੱਤੇ ਇਹ ਪ੍ਰਸ਼ਨ ਵੀ ਹੋਣ ਲੱਗਾ ਕਿ ਕੀ ਉਸ ਦਾ ਕਾਰਜ ਥੀਏਟਰ ਹੈ ਵੀ ਕਿ ਨਹੀਂ, ਪਰ ਨਿਸ਼ਚੈ ਹੀ ਗੁਰਸ਼ਰਨ ਸਿੰਘ ਦਾ ਕੰਮ ਪੰਜਾਬੀ ਦੇ ਸਮਾਨੰਤਰ ਨਾਟਕ ਅਤੇ ਸਮਾਜਿਕ ਚੇਤਨਾ ਵਾਸਤੇ ਕੀਤੇ ਯਤਨਾਂ ਦੀ ਸਰਵੋਤਮ ਮਿਸਾਲ ਹੈ।

ਆਤੰਕਵਾਦ ਦੇ ਖ਼ਿਲਾਫ਼ ਉਸ ਦੀ ਰੰਗਮੰਚੀ ਲੜਾਈ ਅਸਲ ਵਿਚ ਸਮਾਜਿਕ ਲੜਾਈ ਸੀ, ਜਿਹੜੀ ਉਸ ਨੇ ਆਪਣੇ ਦਮ-ਖਮ ਉੱਤੇ ਲੜੀ। ਇਹੀ ਉਹ ਸਮਾਂ ਹੈ, ਜਿਹੜਾ ਉਸ ਦੇ ਥੀਏਟਰ ਨੂੰ ਸਾਦਗੀ ਅਤੇ ਸਪੱਸ਼ਟਤਾ ਦਿੰਦਾ ਹੈ। ਉਸ ਸਮੇਂ ਉਹ ਰੰਗਮੰਚ ਨੂੰ ਸਸਤੇ ਮੁੱਲਾਂ 'ਤੇ ਕਰਕੇ ਆਪਣੇ ਸੰਦੇਸ਼ ਨੂੰ ਬਹੁਤੇ ਲੋਕਾਂ ਤਕ ਪਹੁੰਚਾਉਣਾ ਚਾਹੁੰਦਾ ਸੀ। ਇਸ ਕਾਰਜ ਵਿਚ ਉਸ ਦੀ ਸਫ਼ਲਤਾ ਦਾ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਅੱਜ ਅਨੇਕਾਂ ਨਾਟ-ਮੰਡਲੀਆਂ ਉਸ ਦੇ ਪਾਏ ਹੋਏ ਪੂਰਨਿਆਂ 'ਤੇ ਚੱਲ ਰਹੀਆਂ ਹਨ। ਅਕਾਦਮੀਆਂ ਦੇ ਮਾਣ-ਸਨਮਾਨ ਹੁਣ ਉਸ ਦੇ ਅਸਲ ਕੱਦ ਨਾਲੋਂ ਬਹੁਤ ਛੋਟੇ ਰਹਿ ਗਏ ਹਨ। ਗੁਰਸ਼ਰਨ ਸਿੰਘ ਦੇ ਨਾਂ 'ਤੇ ਪੰਜਾਬ ਵਿਚ ਵੱਡੇ ਤੇ ਛੋਟੇ ਨਾਟ-ਘਰ ਬਣ ਰਹੇ ਹਨ। ਗਿਆਨ ਸਾਗਰ ਟਰੱਸਟ ਵੱਲੋਂ 1200 ਸੀਟਾਂ ਦਾ ਜਿਹੜਾ ਵੱਕਾਰੀ ਪੱਧਰ ਦਾ ਭਾਅ ਜੀ ਗੁਰਸ਼ਰਨ ਸਿੰਘ ਥੀਏਟਰ ਬਨੂੜ ਵਿਚ ਉਸਾਰਿਆ ਜਾ ਰਿਹਾ ਹੈ, ਉਹ ਇਸ ਸਮੇਂ ਆਖ਼ਰੀ ਛੁਹਾਂ ਲੈ ਰਿਹਾ ਹੈ, ਮੈਨੂੰ ਖ਼ੁਸ਼ੀ ਹੈ ਕਿ ਮੈਂ ਉਸ ਦੀ ਉਸਾਰੀ ਵਿਚ ਇਕ ਅਹਿਮ ਭੂਮਿਕਾ ਨਿਭਾ ਰਿਹਾ ਹਾਂ। ਗੁਰਸ਼ਰਨ ਸਿੰਘ ਸਾਡੇ ਸਮੇਂ ਦੇ ਸਭ ਤੋਂ ਵੱਧ ਕਦਰਯੋਗ ਪੰਜਾਬੀਆਂ ਵਿਚੋਂ ਇਕ ਹੈ, ਜਿਸ ਦੇ ਪੂਰਨਿਆਂ 'ਤੇ ਪੰਜਾਬ ਚੱਲਦਾ ਰਹੇ ਤਾਂ ਸਾਡਾ ਸਭ ਦਾ ਬਹੁਤ ਭਲਾ ਹੋਵੇਗਾ। ਗੁਰਸ਼ਰਨ ਸਿੰਘ ਤੁਰ ਗਿਆ ਹੈ, ਪਰ ਉਸ ਦੀਆਂ ਪੈੜਾਂ ਬਰਕਰਾਰ ਹਨ, ਆਓ ਉਨ੍ਹਾਂ 'ਤੇ ਚੱਲਣ ਦਾ ਅਹਿਦ ਕਰੀਏ।